BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਪ੍ਰਮੁੱਖ ਗਲੋਬਲ ਜਲਵਾਯੂ ਸਬੰਧੀ ਪਹਿਲਕਦਮੀ ਵਾਲੇ ਮਹੱਤਵਪੂਰਨ ਪਾਇਲਟ ਪ੍ਰੋਜੈਕਟ ਲਈ 25 ਕੈਨੇਡਿਅਨ ਮਿਊਨਿਸਿਪਲਟੀਜ ਵਿੱਚੋਂ ਬ੍ਰੈਂਪਟਨ ਦੀ ਚੋਣ ਕੀਤੀ ਗਈ

ਬ੍ਰੈਂਪਟਨ, ਓਨਟੈਰੀਓ (14 ਨਵੰਬਰ, 2019) – ਅੱਜ, ਮੇਅਰ ਪੈਟਰਿਕ ਬ੍ਰਾਊਨ ਨੇ ਗਲੋਬਲ ਕੋਵੇਨੈਂਟ ਆਫ ਮੇਅਰਸ ਫਾਰ ਕਲਾਈਮੇਟ ਐਂਡ ਐਨਰਜੀ (ਜੀ.ਸੀ.ਓ.ਐਮ.) (Global Covenant of Mayors for Climate and Energy) (GCoM) ਵਿੱਚ ਬ੍ਰੈਂਪਟਨ ਦੀ ਸ਼ਮੂਲੀਅਤ ਨੂੰ ਅਧਿਕਾਰਤ ਤੌਰ ਤੇ ਉਜਾਗਰ ਕਰਨ ਦੀ ਘੋਸ਼ਣਾ ਤੇ ਦਸਤਖ਼ਤ ਕੀਤੇ। ਇਹ ਜਲਵਾਯੂ ਵਿੱਚ ਤਬਦੀਲੀ ਦੇ ਵਿਰੁੱਧ ਲੜਾਈ ਦੀ ਅਗਵਾਈ ਕਰਨ ਵਾਲੇ 9,200 ਤੋਂ ਵੱਧ ਸ਼ਹਿਰਾਂ ਦਾ ਇਸ ਤਰ੍ਹਾਂ ਦਾ ਪਹਿਲਾ ਗਲੋਬਲ ਗੱਠਜੋੜ ਹੈ।

ਸਿਟੀ ਆਫ ਬ੍ਰੈਂਪਟਨ, ਸ਼ੋਕੇਸ ਸਿਟੀਜ (Showcase Cities) ਦੇ ਨਾਲ ਜੁੜਨ ਲਈ ਚੁਣੀਆਂ ਗਈਆਂ 25 ਕੈਨੇਡਿਅਨ ਮਿਊਨਿਸਿਪਲਟੀਜ ਵਿੱਚੋਂ ਵੀ ਇੱਕ ਹੈ। ਇਹ ਜੀ.ਸੀ.ਓ.ਐਮ. ਕੈਨੇਡਾ (GCoM Canada) ਦੀ ਅਗਵਾਈ ਵਿੱਚ ਇੱਕ ਪਾਇਲਟ ਪ੍ਰੋਜੈਕਟ ਹੈ, ਜਿੱਥੇ ਸਿਟੀ ਗ੍ਰੀਨਹਾਊਸ ਗੈਸ (ਜੀ.ਐਚ.ਜੀ.) ਨਿਕਾਸੀਆਂ ਨੂੰ ਘਟਾਉਣ ਵਿੱਚ ਮਦਦ ਅਤੇ ਬਿਨਾਂ ਕਿਸੇ ਫੀਸ ਦੇ, ਅਗਲੇ ਸਾਲ ਤੱਕ ਜਲਵਾਯੂ ਤਬਦੀਲੀ ਨੂੰ ਗ੍ਰਹਿਣ ਕਰਨ ਵਿੱਚ ਬੇਹੱਦ ਸਹਿਯੋਗ ਮਿਲੇਗਾ।

ਇਹ ਘੋਸ਼ਣਾ, ਬ੍ਰੈਂਪਟਨ ਵਿੱਚ ਮਹੱਤਵਪੂਰਨ ਅਤੇ ਰੋਮਾਂਚਕ ਸਮੇਂ ਤੇ ਹੋਈ ਹੈ। ਜੂਨ 2019 ਵਿੱਚ, ਹਰਾ-ਭਰਾ ਸ਼ਹਿਰ (Green City) ਹੋਣ ਦੀ ਵਚਨਬੱਧਤਾ ਦੇ ਨਾਲ, ਸਿਟੀ ਕਾਊਂਸਿਲ ਨੇ ਬ੍ਰੈਂਪਟਨ ਵਿੱਚ 2050 ਤੱਕ ਜੀ.ਐਚ.ਜੀ. (GHGs) ਨਿਕਾਸੀਆਂ ਨੂੰ 80 ਪ੍ਰਤੀਸ਼ਤ ਤੱਕ ਘਟਾਉਣ ਦਾ ਟੀਚਾ ਤੈਅ ਕੀਤਾ ਸੀ। ਸਿਟੀ ਉਸ ਟੀਚੇ ਨੂੰ ਹਾਸਲ ਕਰਨ ਲਈ ਕੁਝ ਕਦਮ ਚੁੱਕ ਰਹੀ ਹੈ, ਜਿਸ ਵਿੱਚ ਸ਼ੈਰੀਡਨ ਕਾਲੇਜ (Sheridan College) ਦੇ ਨਾਲ ਭਾਈਵਾਲੀ ਵਿੱਚ ਕਮਿਉਨਿਟੀ ਐਨਰਜੀ ਐਂਡ ਐਮਿਸ਼ਨਸ ਪਲਾਨ (ਸੀ.ਈ.ਈ.ਆਰ.ਪੀ.) (Community Energy and Emissions Plan) (CEERP) ਦਾ ਵਿਕਾਸ ਸ਼ਾਮਲ ਹੈ।

2020 ਦੇ ਸ਼ੁਰੂ ਵਿੱਚ ਪੂਰਾ ਹੋਣ ਤੋਂ ਬਾਅਦ, ਇਸ ਸ਼ਾਨਦਾਰ ਅਤੇ ਪਰਿਵਰਤਨਸ਼ੀਲ ਯੋਜਨਾ ਵਿੱਚ ਇਹਨਾਂ ਲਈ ਟੀਚੇ ਸ਼ਾਮਲ ਕੀਤੇ ਜਾਣਗੇ:

- ਊਰਜਾ ਪ੍ਰਭਾਵੀ ਘਰ ਅਤੇ ਬਿਲਡਿੰਗ
- ਵੱਧ ਸਾਫ, ਪੁੱਜਣਯੋਗ ਅਤੇ ਵੱਧ ਭਰੋਸੇਯੋਗ ਊਰਜਾ ਪੈਦਾ ਕਰਨਾ
- ਬ੍ਰੈਂਪਟਨ ਦੇ ਟ੍ਰਾਂਜ਼ਿਟ ਨੈੱਟਵਰਕ, ਟ੍ਰੇਲਾਂ ਅਤੇ ਬਾਈਕ ਇੰਫਰਾਸਟ੍ਰਕਚਰ ਵਿੱਚ ਵਾਧਾ ਕਰਨਾ
- ਵੱਧ ਸੈਰ ਕਰਨ ਯੋਗ ਗਵਾਂਢ
- ਘਰ ਅਤੇ ਕਾਰੋਬਾਰ ਸਬੰਧੀ ਰੈਟਰੋਫਿਟਸ
- ਡਿਸਟ੍ਰਿਕਟ ਐਨਰਜੀ ਨੋਡਸ

ਇੰਸਟੀਟਿਊਟ ਫਾਰ ਸਸਟੇਨੇਬਲ ਬ੍ਰੈਂਪਟਨ (Institute for Sustainable Brampton) ਦੀ ਨੀਂਹ ਰੱਖਣ ਅਤੇ ਇਸਨੂੰ ਸਥਾਪਤ ਕਰਨ ਲਈ, ਸ਼ੈਰੀਡਨ ਕਾਲੇਜ ਅਤੇ ਰੀਜਨ ਆਫ ਪੀਲ (Region of Peel) ਦੇ ਨਾਲ ਭਾਈਵਾਲੀ ਵਿੱਚ ਕੰਮ ਜਾਰੀ ਹੈ, ਜਿਵੇਂ 2040 ਵਿਜਨ (2040 Vision) ਵਿੱਚ ਸਿਫਾਰਿਸ਼ ਕੀਤੀ ਗਈ ਹੈ ਅਤੇ ਇਸਨੂੰ ਫਰਵਰੀ 2019 ਦੇ ਕਾਊਂਸਿਲ ਦੇ ਪ੍ਰਸਤਾਵ ਵਿੱਚ ਪੇਸ਼ ਕੀਤਾ ਗਿਆ ਸੀ

ਸੀ.ਈ.ਈ.ਆਰ.ਪੀ. (CEERP) ਅਤੇ ਸਿਟੀ ਦੀਆਂ ਵਾਤਾਵਰਣ ਸਬੰਧੀ ਹੋਰ ਪਹਿਲਕਦਮੀਆਂ ਬਾਰੇ ਵੱਧ ਜਾਣਕਾਰੀ ਲਈ www.brampton.ca/growgreen ਤੇ ਜਾਓ।

**ਲਿੰਕ**

- [ਨਿਊਜ਼ ਰਿਲੀਜ਼: ਐਫ.ਸੀ.ਐਮ. ਐਂਡ ਗਲੋਬਲ ਕੋਵੇਨੈਂਟ ਆਫ ਮੇਅਰਸ ਨੇ ਜਲਵਾਯੂ ਦੇ ਪ੍ਰਤੀ ਕਾਰਵਾਈ ਦੇ ਪਾਇਲਟ ਪ੍ਰੋਜੈਕਟ ਦੀ ਘੋਸ਼ਣਾ ਕੀਤੀ (News Release: FCM and Global Covenant of Mayors announce climate action pilot project)]
- [ਬੈਕਗ੍ਰਾਊਂਡਰ: ਜੀ.ਸੀ.ਓ.ਐਮ. ਕੈਨੇਡਾ (Backgrounder: GCoM Canada)]

**ਹਵਾਲੇ**

"ਬਿਲਡਿੰਗ ਰੈਟਰੋਫਿਟਸ ਤੋਂ ਲੈ ਕੇ ਗ੍ਰੀਨ ਟ੍ਰਾਂਜ਼ਿਟ ਫਲੀਟਸ ਤੱਕ — ਸ਼ਹਿਰ ਘੱਟ-ਕਾਰਬਨ ਵਾਲੇ ਹੱਲ ਕੱਢਣ ਦੇ ਰਸਤੇ ਤੇ ਅੱਗੇ ਵਧ ਰਹੇ ਹਨ। ਕਿਉਂਕਿ ਮਿਊਨਿਸਿਪਲਟੀਜ, ਕੈਨੇਡਾ ਦੀਆਂ ਅੱਧੀਆਂ ਜੀ.ਐਚ.ਜੀ. ਨਿਕਾਸੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਇਸਲਈ ਸਥਾਨਕ ਹੱਲਾਂ ਨੂੰ ਵਧਾਉਣਾ, ਕੈਨੇਡਾ ਦੇ ਜਲਵਾਯੂ ਸਬੰਧੀ ਟੀਚਿਆਂ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹੈ। ਇਸ ਸਾਲ ਦੇ ਸ਼ੁਰੂ ਵਿੱਚ, ਸਿਟੀ ਨੇ 2050 ਤੱਕ ਜੀ.ਐਚ.ਜੀ. ਨਿਕਾਸੀਆਂ ਨੂੰ 80 ਪ੍ਰਤੀਸ਼ਤ ਤੱਕ ਘਟਾਉਣ ਦਾ ਟੀਚਾ ਤੈਅ ਕੀਤਾ ਹੈ। ਅੱਜ ਦੀ ਘੋਸ਼ਣਾ ਸਥਿਰ ਅਤੇ ਹਰਾ-ਭਰਾ ਸ਼ਹਿਰ ਬਣਨ ਦੇ ਸਾਡੇ ਸਫਰ ਵਿੱਚ ਦੂਜੀ ਮਹੱਤਵਪੂਰਨ ਉਪਲਬਧੀ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਅਸੀਂ ਵਾਤਾਵਰਣ ਵਿੱਚ ਛੱਡੀ ਜਾਣ ਵਾਲੀ ਸਾਡੀ ਕਾਰਬਨ ਦੀ ਮਾਤਰਾ ਨੂੰ ਘਟਾਉਣ ਲਈ ਅਤੇ ਸਥਿਰਤਾ ਵਿੱਚ ਮਿਊਨਿਸਿਪਲ ਲੀਡਰ ਦੇ ਤੌਰ ਤੇ ਪ੍ਰਭਾਵ ਛੱਡਣ ਵਾਸਤੇ ਬ੍ਰੈਂਪਟਨ ਵਿੱਚ ਭੂ ਗਤੀ (ਮੂਮੈਂਟਮ) ਵਧਾ ਰਹੇ ਹਾਂ। ਹਰਾ-ਭਰਾ ਸ਼ਹਿਰ ਬਣਨ ਲਈ, ਜਲਵਾਯੂ ਤਬਦੀਲੀ ਵਿੱਚ ਮਹੱਤਵਪੂਰਨ ਕਮੀ ਪਾਉਣ ਵਾਲੇ ਅਤੇ ਗ੍ਰਹਿਣਸ਼ੀਲ ਪ੍ਰੋਜੈਕਟਾਂ ਤੇ ਕਾਉਂਸਿਲ ਅਤੇ ਸਿਟੀ ਦੇ ਸਟਾਫ ਦੇ ਕੰਮ ਤੇ ਮੈਨੂੰ ਮਾਣ ਹੈ।"

- *ਸਿਟੀ ਕਾਉਂਸਲਰ ਡਗ ਵ੍ਹਿਲੈਨਸ (Doug Whillans)*

"ਨਾਲ ਮਿਲ ਕੇ ਅਸੀਂ ਗ੍ਰੀਨਹਾਊਸ ਗੈਸ ਦੀਆਂ ਨਿਕਾਸੀਆਂ ਨੂੰ ਘਟਾਉਣ ਅਤੇ ਬਦਲਦੀ ਜਲਵਾਯੂ ਦੇ ਅਸਰਾਂ ਵਾਸਤੇ ਸਾਡੇ ਭਾਈਚਾਰਿਆਂ ਨੂੰ ਤਿਆਰ ਕਰਨ ਲਈ ਸ਼ਾਨਦਾਰ ਯੋਜਨਾਵਾਂ ਬਣਾ ਰਹੇ ਹਾਂ।"

- *ਮੇਗਨ ਮੀਨੀ (Megan Meaney), ਐਗਜ਼ੀਕਿਊਟਿਵ ਡਾਇਰੈਕਟਰ, ਕੈਨੇਡਾ ਆਫਿਸ ਆਫ ਆਈ.ਸੀ.ਐਲ.ਈ.ਆਈ.*

-30-

**ਗਲੋਬਲ ਕੋਵੇਨੈਂਟ ਆਫ ਮੇਅਰਸ ਕੈਨੇਡਾ (Global Covenant of Mayors Canada) ਦੇ ਭਾਈਵਾਲਾਂ ਬਾਰੇ**

[ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ਼ (Federation of Canadian Municipalities)] ਮਿਊਨਿਸਿਪਲ ਸਰਕਾਰਾਂ ਦੀ ਰਾਸ਼ਟਰੀ ਅਵਾਜ਼ ਹੈ। ਇਸ ਵਿੱਚ ਲਗਭਗ 2,000 ਮੈਂਬਰ ਹਨ, ਜੋ 90 ਪ੍ਰਤੀਸ਼ਤ ਤੋਂ ਵੱਧ ਕੈਨੇਡਿਅਨ ਅਬਾਦੀ ਦੀ ਨੁਮਾਇੰਦਗੀ ਕਰਦੇ ਹਨ।

[ਆਈ.ਸੀ.ਐਲ.ਈ.ਆਈ.- ਲੋਕਲ ਗਵਰਨਮੈਂਟਸ ਫਾਰ ਸਸਟੇਨਬਿਲਿਟੀ (ICLEI- Local Governments for Sustainability)] ਸਥਿਰਤਾ ਲਈ ਵਚਨਬੱਧ ਸਥਾਨਕ ਸਰਕਾਰਾਂ ਦੀ ਅੰਤਰਰਾਸ਼ਟਰੀ ਐਸੋਸੀਏਸ਼ਨ ਹੈ।

[ਇੰਟਰਨੈਸ਼ਨਲ ਅਰਬਨ ਕਾਰਪੋਰੇਸ਼ਨ (ਆਈ.ਯੂ.ਸੀ.) (International Urban Cooperation (IUC)] ਪ੍ਰੋਗਰਾਮ, ਜਨਤਕ ਅਤੇ ਪ੍ਰਾਈਵੇਟ ਸੈਕਟਰ, ਦੋਵਾਂ ਦੇ ਸਹਿਯੋਗ ਨਾਲ ਸਥਿਰ ਸ਼ਹਿਰੀ ਵਿਕਾਸ ਨੂੰ ਵਧਾਉਣ ਲਈ ਯੂਰੋਪੀਅਨ ਯੂਨੀਅਨ (European Union) ਵੱਲੋਂ ਲੰਮੀ-ਮਿਆਦ ਦੀ ਕਾਰਜਨੀਤੀ ਹੈ।

media release

ਗਲੋਬਲ ਕੋਵੇਨੈਂਟ ਆਫ ਮੇਅਰਸ ਫਾਰ ਕਲਾਈਮੇਟ ਐਂਡ ਐਨਰਜੀ (Global Covenant of Mayors for Climate and Energy) (ਜੀ.ਸੀ.ਓ.ਐਮ.) ਜਲਵਾਯੂ ਲੀਡਰਸ਼ਿਪ ਲਈ ਸਭ ਤੋਂ ਵੱਡਾ ਗਲੋਬਲ ਗੱਠਜੋੜ ਹੈ। ਇਹ ਲਗਭਗ 10,000 ਸ਼ਹਿਰਾਂ ਅਤੇ ਸਥਾਨਕ ਸਰਕਾਰਾਂ ਦੇ ਗਲੋਬਲ ਦੀ ਏਕਤਾ ਨੂੰ ਜੋੜਦਾ ਹੈ। 2030 ਤੱਕ, ਜੀ.ਸੀ.ਓ.ਐਮ. ਵਾਲੇ ਸ਼ਹਿਰ ਅਤੇ ਸਥਾਨਕ ਸਰਕਾਰਾਂ ਸਮੂਹਿਕ ਰੂਪ ਨਾਲ, ਹਰ ਸਾਲ CO2 ਨਿਕਾਸੀਆਂ ਨੂੰ 1.3 ਬਿਲੀਅਨ ਟਨ ਤੱਕ ਘਟਾ ਸਕਦੀਆਂ ਹਨ। ਇਹ ਸੜਕ ਤੋਂ 276 ਮਿਲੀਅਨ ਕਾਰਾਂ ਨੂੰ ਹਟਾਉਣ ਦੇ ਬਰਾਬਰ ਹੈ।

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ**:


ਮੋਨਿਕਾ ਦੁੱਗਲ (Monika Duggal), ਕੋਆਰਡੀਨੇਟਰ,
ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ, ਸਟ੍ਰੈਟਜਿਕ ਕਮਿਉਨਿਕੇਸ਼ਨ, ਸਿਟੀ ਆਫ ਬ੍ਰੈਂਪਟਨ, 905-874-3426, Monika.Duggal@brampton.ca

ਐਫ.ਸੀ.ਐਮ. ਮੀਡੀਆ ਰਿਲੇਸ਼ਨਸ (FCM Media Relations), (613) 907-6395, media@fcm.ca